# ਆਓ! ਪੰਥ ਪ੍ਰਤੀ ਆਪਣਾ ਫਰਜ਼ ਪਛਾਣੀਏ

ਤਪਦੀ-ਸੜਦੀ ਲੋਕਾਈ ਦੇ ਦੁੱਖ ਹਰਨ ਲਈ ਗੁਰੂ ਨਾਨਕ ਪਾਤਸ਼ਾਹ ਨੇ ਸਿੱਖ ਪੰਥ ਪਰਗਟ ਕੀਤਾ ਅਤੇ ਸਰਬੱਤ ਦੇ ਭਲੇ ਲਈ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਰਾਹ ਦਰਸਾਇਆ। ਗੁਰੂ ਜੀ ਨੇ ਲੋਕਾਂ ਦੀ ਕਮਾਈ ਲੁੱਟ ਰਹੇ ਵੇਹਲੜਾਂ, ਪਾਖੰਡੀਆਂ, ਦੰਭੀਆਂ ਤੇ ਦੁਰਾਚਾਰੀ ਧਾਰਮਿਕ ਆਗੂਆਂ ਤੇ ਫੋਕੇ ਕਰਮ-ਕਾਂਡਾਂ ਦਾ ਖੰਡਨ ਕੀਤਾ ਅਤੇ ਨਾਲ ਹੀ ਹੰਕਾਰੀ, ਲੋਭੀ, ਬਦ-ਇਖਲਾਕ ਤੇ ਜ਼ਾਲਮ ਹਾਕਮਾਂ ਤੋਂ ਅਜ਼ਾਦ ਹੋ ਕੇ 'ਸੱਚ ਦਾ ਰਾਜ' ਸਥਪਤ ਕਰਨ ਦਾ ਹੋਕਾ ਦਿੱਤਾ।

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥**

(ਅੰਗ: 966, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਅਸਲ ਵਿਚ ਸੰਸਾਰ ਅੰਦਰ ਦੋ ਵਿਚਾਰਾਂ ਦੀ ਜੰਗ ਹੈ। ਇਕ ਪਾਸੇ ਦੰਭੀ ਧਾਰਮਿਕ ਆਗੂ ਤੇ ਉਨ੍ਹਾਂ ਦੀ ਰਾਖੀ ਕਰਨ ਵਾਲੀਆਂ ਹਕੂਮਤਾਂ ਹਨ ਜੋ ਗਰੀਬਾਂ, ਕਿਰਤੀਆਂ ਨੂੰ ਅਨੇਕਾਂ ਭੰਬਲਭੂਸਿਆਂ ਵਿਚ ਪਾ ਕੇ ਹਮੇਸ਼ਾ ਗ਼ੁਲਾਮ ਬਣਾ ਕੇ ਰੱਖਦੇ ਹਨ। ਦੂਜੇ ਪਾਸੇ ਗੁਰੂ ਨਾਨਕ ਪਾਤਸ਼ਾਹ ਦੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਹੈ ਜੋ ਨੀਵਿਆਂ ਨੂੰ ਉੱਚਾ ਚੁੱਕਣ ਤੇ ਹਰ ਇਨਸਾਨ ਨੂੰ ਅਜ਼ਾਦੀ ਨਾਲ ਜਿਉਣ ਦਾ ਹੱਕ ਦੇਣ ਦੀ ਹਾਮੀ ਹੈ। ਕਿਸੇ ਵੀ ਸਮਾਜ ਅੰਦਰ ਇਹ ਦੋਵੇਂ ਵਿਚਾਰਧਾਰਾਵਾਂ ਇਕੋ ਵਕਤ ਇਕੱਠੀਆਂ ਨਹੀਂ ਫੈਲ ਸਕਦੀਆਂ, ਇਸੇ ਕਰਕੇ ਦੰਭੀ ਧਾਰਮਿਕ ਆਗੂ ਹਮੇਸ਼ਾ ਹੀ ਗੁਰਮਤਿ ਦੀ ਰੌਸ਼ਨੀ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਰਚਦੇ ਰਹੇ ਹਨ ਤੇ ਸਮੇਂ ਦੀਆਂ ਹਕੂਮਤਾਂ ਇਨ੍ਹਾਂ ਦੰਭੀਆਂ ਦੀ ਪਿੱਠ 'ਤੇ ਖੜਦੀਆਂ ਰਹੀਆਂ ਹਨ। ਇਨ੍ਹਾਂ ਦੋਵੇਂ ਵਿਚਾਰਾਂ ਦੀ ਜੰਗ ਜੋ ਗੁਰੂ ਨਾਨਕ ਪਾਤਸ਼ਾਹ ਦੇ ਜਨੇਊ ਪਾਉਣ ਦੇ ਵਿਰੋਧ ਸਮੇਂ ਸ਼ੁਰੂ ਹੋਈ ਸੀ ਉਹ ਅਜੇ ਜਾਰੀ ਹੈ। ਜੰਗ ਦਾ ਰੂਪ ਭਾਵੇਂ ਕੋਈ ਵੀ ਹੋਵੇ ਇਹ ਜੰਗ ਓਨਾ ਚਿਰ ਜਾਰੀ ਰਹੇਗੀ ਜਿੰਨਾਂ ਚਿਰ ਗੁਰਮਤਿ ਅਨੁਸਾਰ ਸਮਾਜ ਅੰਦਰ ਹਰ ਇਨਸਾਨ ਨੂੰ ਅਜ਼ਾਦੀ ਨਾਲ ਜਿਉਣ ਦਾ ਹੱਕ ਪ੍ਰਾਪਤ ਨਹੀਂ ਹੋ ਜਾਂਦਾ।

ਗੁਰਮਤਿ ਦੇ ਉਲਟ ਸੌਦਾ ਸਾਧ ਦੀਆਂ ਕਰਤੂਤਾਂ ਅਤੇ ਪੰਜਾਬ ਅੰਦਰ ਵੇਹਲੜਾਂ ਤੇ ਦੰਭੀਆਂ ਦੀਆਂ ਚਲ ਰਹੀਆਂ ਦੁਕਾਨਾਂ ਅਤੇ ਇਨ੍ਹਾਂ ਨੂੰ ਸ਼ਹਿ ਦੇ ਰਹੀਆਂ ਸਰਕਾਰਾਂ ਦੇ ਰਵੱਈਏ ਉੱਤੇ ਸਰਸਰੀ ਝਾਤ ਮਾਰਿਆਂ ਸਮਝ ਆ ਜਾਵੇਗੀ ਕਿ ਇਹ ਲਾਣਾ ਕੋਈ ਨਵਾਂ ਨਹੀਂ, ਸਗੋਂ ਇਹ ਗੁਰੂ ਨਾਨਕ ਦੀ ਨਿਰਮਲ ਵਿਚਾਰਧਾਰਾ ਦਾ ਵਿਰੋਧ ਕਰਨ ਵਾਲੇ ਔਰੰਗਿਆਂ, ਵਜ਼ੀਦਿਆਂ, ਗੰਗੂਆਂ ਤੇ ਚੰਦੂਆਂ ਦੇ ਪੈਰ ਚਿੰਨ੍ਹਾਂ 'ਤੇ ਹੀ ਚੱਲ ਰਿਹਾ ਹੈ ਜਿਸ ਦੇ ਖਿਲਾਫ ਖ਼ਾਲਸਾ ਪੰਥ ਦੇ ਵਾਰਸਾਂ ਦੀ ਜੰਗ ਜਾਰੀ ਹੈ।

ਇਸ ਜੰਗ ਵਿਚ ਕਾਂਗਰਸ ਪਾਰਟੀ, ਭਾਰਤੀ ਜਨਤਾ ਪਾਰਟੀ ਤੋਂ ਲੈ ਕੇ ਬਾਦਲਕਿਆਂ ਸਮੇਤ ਸਿੱਖੀ ਭੇਖ ਵਿਚ ਲੁਕੇ ਮਾਇਆਧਾਰੀ ਸਿਆਸੀ ਲੋਕਾਂ ਤੇ ਦੰਭੀ ਟੋਲਿਆਂ ਦਾ ਇਕ ਵੱਡਾ ਗੱਠਜੋੜ ਹੈ। ਦੂਸਰੇ ਪਾਸੇ ਸਿੱਖਾਂ ਦੇ ਮਹਾਨ ਵਿਰਸੇ ਦੀ ਰਾਖੀ ਲਈ ਜੂਝ ਰਹੇ ਪੰਥ ਦਰਦੀਆਂ ਦੀ ਗਿਣਤੀ ਭਾਵੇਂ ਬਹੁਤ ਘੱਟ ਹੈ ਪਰ ਸਿੱਖ ਪੰਥ ਦੇ ਗੌਰਵਸ਼ਾਲੀ ਇਤਿਹਾਸ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਦੇ ਖਾਸੇ ਕਾਰਨ ਦੰਭੀਆਂ ਤੇ ਜਰਵਾਣਿਆਂ ਦਾ ਵੱਡਾ ਗੱਠਜੋੜ ਅੰਦਰੋਂ-ਅੰਦਰ ਕੰਬ ਰਿਹਾ ਹੈ ਇਸਦੀ ਮਿਸਾਲ ਜਿਲ੍ਹਾ ਮਾਨਸਾ ਵਿਚ ਸਿੱਖ ਪੰਥ ਦੀ ਹੋਈ ਅਹਿਮ ਜਿੱਤ ਤੋਂ ਮਿਲਦੀ ਹੈ। ਕੋਟ ਧਰਮੂੰ ਜ਼ਿਲ੍ਹਾ ਮਾਨਸਾ ਵਿਖੇ ਸਤੰਬਰ 2008 ਵਿਚ ਜਦੋਂ ਸਰਕਾਰ ਨੇ ਸੌਦਾ ਸਾਧ ਦਾ ਡੇਰਾ ਖੋਲਣ ਦੀ ਕੋਸ਼ਿਸ਼ ਕੀਤੀ ਤਾਂ ਕੇਵਲ ਪੰਜ ਕੁ ਸੌ ਸਿੰਘਾਂ ਨੇ ਹਫਤਾ ਭਰ ਲਗਾਤਾਰ ਸਿਰਸਾ-ਮਾਨਸਾ ਸੜਕ ਜਾਮ ਕਰਕੇ ਇਹ ਡੇਰਾ ਬੰਦ ਕਰਵਾ ਦਿੱਤਾ ਸੀ, ਪਰ ਇਹ ਅੱਡ ਗੱਲ ਹੈ ਕਿ ਬਾਦਲ ਦਲ ਦੇ ਸਾਬਕਾ ਐਮ.ਐਲ.ਏ., ਜਿਲ੍ਹੇ ਦੇ ਡੀ.ਸੀ, ਐੱਸ.ਐੱਸ.ਪੀ, ਤੇ ਸ਼੍ਰੋਮਣੀ ਕਮੇਟੀ ਮੈਂਬਰ ਨੇ ਆਮ ਸੰਗਤਾਂ ਵਿਚ ਡੇਰਾ ਕਦੇ ਵੀ ਨਾ ਖੁੱਲਣ ਦਾ ਬਚਨ ਦਿੱਤਾ ਸੀ ਪਰ ਦਸੰਬਰ 08 ਵਿਚ ਸਰਕਾਰ ਨੇ ਇਹ ਡੇਰਾ ਖੁੱਲ੍ਹਵਾ ਦਿੱਤਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਸੌਦਾ ਸਾਧ ਦੇ ਡੇਰੇ ਤੇ ਉਸਦੀ ਕੂੜ-ਚਰਚਾ ਨੂੰ ਬੰਦ ਕਰਾਉਣ ਲਈ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਾਉਣ ਲਈ ਚੱਲ ਰਹੇ ਸੰਘਰਸ਼ ਕਾਰਨ ਸਿੱਖੀ ਭੇਖ ਬਣਾ ਕੇ ਸਰਕਾਰੀ ਕੁਰਸੀਆਂ 'ਤੇ ਬੈਠੇ ਦੰਭੀ ਲੋਕਾਂ ਦਾ ਚੇਹਰਾ ਦਿਨੋਂ ਦਿਨ ਬੇਨਕਾਬ ਹੋ ਰਿਹਾ ਹੈ। ਇਕ ਪਾਸੇ ਬਾਦਲ ਸਰਕਾਰ ਸੌਦਾ ਸਾਧ ਦੇ ਡੇਰੇ ਖੋਲ੍ਹ ਰਹੀ ਹੈ ਤਾਂ ਦੂਜੇ ਪਾਸੇ ਕਾਂਗਰਸ ਪਾਰਟੀ ਦੇ ਨੇਤਾ ਸੌਦਾ ਸਾਧ ਦੀ ਹਮਾਇਤ ਵਿਚ ਬਿਆਨ ਦੇ ਰਹੇ ਹਨ। ਇਕ ਪਾਸੇ ਸੌਦਾ ਸਾਧ ਦਾ ਵਿਰੋਧ ਕਰ ਰਹੇ ਪੰਥ ਦਰਦੀਆਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਸੌਦਾ ਸਾਧ ਦੇ ਡੇਰੇ ਖੋਲ੍ਹੇ ਜਾ ਰਹੇ ਹਨ ਤੇ ਕੂੜ-ਚਰਚਾਵਾਂ ਪੁਲਿਸ ਸੁਰੱਖਿਆ ਵਿਚ ਕਰਵਾਈਆਂ ਜਾ ਰਹੀਆਂ ਹਨ। ਸੌਦਾ ਸਾਧ ਦੀਆਂ ਸਰਗਰਮੀਆਂ ਨੂੰ ਪੰਜਾਬ ਵਿਚ ਬੰਦ ਕਰਾਉਣ ਲਈ 21 ਦਸੰਬਰ, 2008 ਨੂੰ ਗੁਰਦੁਆਰਾ ਜਫਰਨਮਾ ਸਾਹਿਬ ਪਾ: 10ਵੀਂ ਪਿੰਡ ਦਿਆਲਪੁਰਾ ਭਾਈਕਾ ਜਿਲ੍ਹਾ ਬਠਿੰਡਾ ਵਿਖੇ ਸੱਦੇ ਗਏ ਪੰਥਕ ਇਕੱਠ ਵਿਚ ਹੋਣ ਵਾਲੀਆਂ ਵਿਚਾਰਾਂ ਨੂੰ ਰੋਕਣ ਲਈ ਬਾਦਲ ਸਰਕਾਰ ਵਲੋਂ ਪੰਥਕ ਆਗੂਆਂ ਨੂੰ ਗ੍ਰਿਫਤਾਰ ਕਰਕੇ ਦਰਸਾ ਦਿੱਤਾ ਹੈ ਕਿ ਉਹ ਅਕਾਲ ਤਖਤ ਸਾਹਿਬ ਦੀ ਬਜਾਏ ਸੌਦਾ ਸਾਧ ਨਾਲ ਖੜ੍ਹੀ ਹੈ।

ਗੁਰੂ ਰੂਪ ਖ਼ਾਲਸਾ ਜੀਓ! ਇਸ ਸਾਰੀ ਹਾਲਤ ਦੇ ਬਾਵਜੂਦ ਪੰਜਾਬ ਅੰਦਰ ਜਿਥੇ ਡੇਰਾਵਾਦ ਖਿਲਾਫ ਅਤੇ ਸੌਦਾ ਸਾਧ ਵਿਰੁੱਧ ਜੋ ਸੰਘਰਸ਼ ਡੇਢ ਸਾਲ ਪਹਿਲਾਂ ਸ਼ੁਰੂ ਹੋਇਆ ਸੀ ਉਹ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਲਈ ਹੋ ਰਹੇ ਸੰਘਰਸ਼ ਨਾਲ ਜੁੜਕੇ ਅੱਗੇ ਵਧ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਪੰਚ ਪ੍ਰਧਾਨੀ) ਵਲੋਂ ਦਿੱਲੀ ਵਿਖੇ 20 ਜੁਲਾਈ, 2008 ਤੋਂ ਸੌਦਾ ਸਾਧ ਦੀ ਗ੍ਰਿਫਤਾਰੀ, ਸਿੱਖਾਂ ਨੂੰ ਹਿੰਦੂ ਦਰਸਾਉਣ ਵਾਲੀ ਭਾਰਤੀ ਸੰਵਿਧਾਨ ਦੀ ਧਾਰਾ 25 (2) (ਬੀ) ਵਿਚ ਸੋਧ ਤੇ ਜੂਨ ’84 ਵਿਚ ਭਾਰਤੀ ਫੌਜ ਵਲੋਂ ਸ੍ਰੀ ਦਰਬਾਰ ਸਾਹਿਬ ’ਤੇ ਹਮਲੇ ਦੌਰਾਨ ਕਬਜੇ ਵਿਚ ਲਈ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਵਾਪਸੀ ਲਈ ਚੱਲ ਰਹੀ ਭੁੱਖ ਹੜਤਾਲ ਲਗਾਤਾਰ ਜਾਰੀ ਹੈ।

ਮੌਕੇ ਦੀ ਹਕੂਮਤ ਦੇ ਅਨੇਕਾਂ ਜ਼ਾਬਰ ਤੇ ਭਰਮਾਊ ਹੱਥਕੰਡਿਆਂ ਦੇ ਬਾਵਜੂਦ ਖ਼ਾਲਸਾ ਪੰਥ ਦੀਆਂ ਮਹਾਨ ਰਵਾਇਤਾਂ ਤੇ ਪ੍ਰੰਪਰਾਵਾਂ ਦੀ ਰਾਖੀ ਲਈ ਜੰਗ ਜਾਰੀ ਹੈ। ਇਹ ਜੰਗ ਓਨਾ ਚਿਰ ਜਾਰੀ ਰਹੇਗੀ ਜਿੰਨਾ ਚਿਰ ਸਰਬੱਤ ਦੇ ਭਲੇ ਵਾਲਾ ਰਾਜ ਕਾਇਮ ਨਹੀਂ ਹੋ ਜਾਂਦਾ।

ਸਾਡੀ ਰਵਾਇਤ ਰਹੀ ਹੈ ਕਿ ਅਸੀਂ ਨਾ ਕਿਸੇ ਤੋਂ ਡਰਦੇ ਹਾਂ ਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਾਂ। ਕਿਸੇ ਦੇ ਹੱਕ ਮਾਰਨੇ ਨਹੀਂ ਤੇ ਆਪਨੇ ਹੱਕਾਂ ਦੀ ਪ੍ਰਾਪਤੀ ਲਈ ਲੜਨ ਲੱਗਿਆਂ ਅਸੀਂ ਕਦੇ ਕੋਈ ਪ੍ਰਵਾਹ ਨਹੀਂ ਸਮਝੀ। ਕੋਈ ਆਪਨੇ ਧਰਮ ਨੂੰ ਕਿਵੇਂ ਮੰਨਦਾ ਹੈ ਮੰਨੇ! ਅਸੀਂ ਕਿਸੇ ਦੇ ਧਰਮ ’ਚ ਕਦੇ ਕੋਈ ਦਖਲ ਅੰਦਾਜ਼ੀ ਨਹੀਂ ਕੀਤੀ ਅਤੇ ਆਪਨੀਆਂ ਧਾਰਮਿਕ ਰਵਾਇਤਾਂ ਅੰਦਰ ਵੀ ਕਿਸੇ ਨੂੰ ਹੁੱਲੜਬਾਜ਼ੀ ਨਹੀਂ ਕਰਨ ਦਿੱਤੀ। ਹਿੰਦੂਆਂ ਦੇ ਮਨੁੱਖੀ ਅਧਿਕਾਰਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਜੇ ਅੱਜ ਪਖੰਡੀ ਲੋਕ ਇਕੱਠੇ ਹੋ ਕੇ ਸਾਨੂੰ ਜ਼ਲੀਲ ਕਰਨ ਤਾਂ ਫਿਰ ਅਸੀਂ ਕਿੰਨਾ ਕੁ ਚਿਰ ਚੁਪ ਕਰਕੇ ਬੈਠੇ ਰਹਾਂਗੇ। ਜਿੰਨੀ ਦੇਰ ਅਸੀਂ ਚੁੱਪ ਰਹਾਂਗੇ ਓਨਾ ਹੀ ਵੱਧ ਨੁਕਸਾਨ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਠਾਉਣਾ ਪਵੇਗਾ। ਜੇਕਰ ਆਪਾਂ ਆਪਨੇ ਗੁਰੂ ਸਾਹਿਬਾਨਾਂ ਦੇ ਸਿਧਾਂਤਾਂ ਦੀ ਪਾਲਣਾ ਲਈ ਚੱਲ ਰਹੇ ਸੰਘਰਸ਼ ’ਚ ਆਪਨਾ ਬਨਦਾ ਹਿੱਸਾ ਪਾਉਂਦੇ ਰਹੀਏ ਤਾਂ ਆਉਣ ਵਾਲੀਆਂ ਸਾਡੀਆਂ ਪੀੜ੍ਹੀਆਂ ਦੀ ਲੜਾਈ ਸੁਖਾਲੀ ਹੋ ਜਾਵੇਗੀ।

ਇਸ ਲਈ ਆਓ! ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਅੰਦਰ ਖ਼ਾਲਸਾ ਪੰਥ ਦੀਆਂ ਮਹਾਨ ਰਵਾਇਤਾਂ ਅਨੁਸਾਰ ਪੰਚ ਪ੍ਰਧਾਨੀ ਕਮੇਟੀਆਂ ਬਣਾਈਏ ਤੇ ਸਮਾਜ ਦੇ ਹਰ ਖੇਤਰ ਅੰਦਰ ਮਨੁੱਖਤਾ ਦੇ ਭਲੇ ਲਈ ਅੱਗੇ ਆਈਏ, ਤਾਂ ਜੋ ਸੌਦਾ ਸਾਧ ਅਤੇ ਹੋਰ ਦੰਭੀਆਂ ਅਤੇ ਇਸ ਲਾਣੇ ਨੂੰ ਸ਼ਹਿ ਦੇਣ ਵਾਲੇ ਸਿਆਸੀ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਸਿੱਖ ਪੰਥ ਦੇ ਅਸਲੀ ਵਾਰਸ ਅਜੇ ਜਿਉਂਦੇ ਹਨ, ਇਉਂ ਕਰਕੇ ਹੀ ਪੰਜਾਬ ਅੰਦਰ ਸਮਾਜ ਦੇ ਹੋਰਨਾਂ ਵਰਗਾਂ ਕਿਸਾਨਾਂ, ਮਜਦੂਰਾਂ ਅਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਅੱਗੇ ਵਧਿਆ ਜਾ ਸਕਦਾ ਹੈ ਅਤੇ ਪੰਥ ਤੇ ਪੰਜਾਬ ਦੇ ਹੱਕ ਦਿੱਲੀ ਤਖ਼ਤ ਤੋਂ ਲਏ ਜਾ ਸਕਦੇ ਹਨ।

–0–

**ਰਗੋਂ ਮੇ ਦੌੜਨੇ ਫਿਰਨੇ ਕੇ ਹਮ ਨਹੀ ਕਾਇਲ।**
**ਜੋ ਆਂਖ ਸੇ ਨਾ ਟਪਕੇ ਵੋਹ ਲਹੂ ਕਿਆ ਹੈ।**

**ਆਪ ਸਭ ਦੇ ਭਰਵੇਂ ਸਹਿਯੋਗ ਦੀ ਉਡੀਕ ਵਿਚ**


ਦਲਜੀਤ ਸਿੰਘ ਬਿੱਟੂ (ਚੇਅਰਮੈਨ)
98159-44483

ਹਰਪਾਲ ਸਿੰਘ ਚੀਮਾ (ਕੌਮੀ ਪੰਚ) 98153-60051

ਹਰਿੰਦਰ ਸਿੰਘ ਖਾਲਸਾ (ਕੌਮੀ ਪੰਚ) 94632-68487

ਗੁਰਜਤਿੰਦਰਪਾਲ ਸਿੰਘ ਭਿੱਖੀਵਿੰਡ (ਕੌਮੀ ਪੰਚ) 98720-02014

ਕਮਿੱਕਰ ਸਿੰਘ ਮੁਕੰਦਪੁਰ (ਕੌਮੀ ਪੰਚ) 98142-96660

ਦਫਤਰ: 1978, ਮਹਾਰਾਜ ਨਗਰ, ਗਲੀ ਨੰ. 2,
ਸਰਕਟ ਹਾਊਸ ਦੇ ਪਿੱਛੇ, ਲੁਧਿਆਣਾ
ਫੋਨ: 0161-5062980, ਫੈਕਸ: 0161-2426980


# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਪੰਚ ਪ੍ਰਧਾਨੀ)


www.sadamritsar.com www.sikhsiyasat.com ludhianasadaoffice@gmail.com